# ਤੱਥਨਾਮਾ: ਭੋਜਨ ਦਰਾਮਦ ਕਰਨਾ

## ਕਨੇਡਾ-ਵਾਸੀਆਂ ਲਈ ਸੁਰੱਖਿਅਤ ਭੋਜਨ ਸੰਬੰਧੀ ਨਿਯਮ

ਕਨੇਡਾ-ਵਾਸੀਆਂ ਲਈ ਸੁਰੱਖਿਅਤ ਭੋਜਨ ਸੰਬੰਧੀ ਨਿਯਮਾਂ (ਐੱਸ.ਐੱਫ.ਸੀ.ਆਰ.) [Safe Food for Canadians Regulations (SFCR)] ਤਹਿਤ ਭੋਜਨ ਸੁਰੱਖਿਆ ਦੀਆਂ ਨਵੀਆਂ ਸ਼ਰਤਾਂ ਉਨ੍ਹਾਂ ਕਾਰੋਬਾਰਾਂ 'ਤੇ ਲਾਗੂ ਹੁੰਦੀਆਂ ਹਨ ਜਿਹੜੇ ਕਨੇਡਾ ਵਿੱਚ ਭੋਜਨ ਦਰਾਮਦ ਕਰਦੇ ਹਨ।

### ਕੀ ਤੁਹਾਡਾ ਕਾਰੋਬਾਰ ਤਿਆਰ ਹੈ?

ਇਕ ਦਰਾਮਦਕਰਤਾ ਦੇ ਤੌਰ 'ਤੇ ਤੁਹਾਨੂੰ ਇਹ ਗੱਲ ਯਕੀਨੀ ਬਣਾਉਣੀ ਪੈਂਦੀ ਹੈ ਕਿ ਤੁਹਾਡੇ ਵੱਲੋਂ ਦਰਾਮਦ ਕੀਤਾ ਜਾਣ ਵਾਲਾ ਭੋਜਨ ਸੁਰੱਖਿਅਤ ਹੈ ਕਨੇਡਾ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ। ਨਵੇਂ ਸੋਧ ਕੇ ਇਕੱਠੇ ਕੀਤੇ ਕਾਨੂੰਨਾਂ ਵਿੱਚ ਇਹ ਸ਼ਰਤ ਵੀ ਹੈ ਕਿ ਦਰਾਮਦ ਕੀਤੇ ਭੋਜਨਾਂ ਨੂੰ ਉਸੇ ਪੱਧਰ ਦੇ ਭੋਜਨ ਸੁਰੱਖਿਆ ਦੇ ਕਦਮਾਂ ਤਹਿਤ ਤਿਆਰ ਕੀਤਾ ਗਿਆ ਹੋਵੇ ਜਿਨ੍ਹਾਂ ਤਹਿਤ ਕਨੇਡਾ ਵਿੱਚ ਭੋਜਨ ਤਿਆਰ ਕੀਤਾ ਜਾਂਦਾ ਹੈ।

### ਮੁੱਖ ਸ਼ਰਤਾਂ

#### 1. ਲਸੰਸ ਪ੍ਰਣਾਲੀ

ਬਹੁਤੇ ਮਾਮਲਿਆਂ ਵਿੱਚ ਦਰਾਮਦਕਰਤਾਵਾਂ ਨੂੰ ਕਨੇਡਾ ਵਿੱਚ ਭੋਜਨ ਲਿਆਉਣ ਲਈ ਲਸੰਸ ਚਾਹੀਦਾ ਹੈ। ਲਸੰਸ ਲੈਣ ਬਾਰੇ ਸਜੀਵ ਸਾਧਨ ਵਰਤਦਿਆਂ ਪਤਾ ਲਾਉ ਕਿ ਜੇ ਤੁਹਾਨੂੰ ਲਸੰਸ ਲੈਣਾ ਪਿਆ ਤਾਂ ਕਦੋਂ ਲੈਣਾ ਪਵੇਗਾ। ਇਸ ਨੂੰ ਸਿਰਫ 5 ਮਿੰਟ ਲੱਗਣਗੇ।

#### 2. ਹਿਫਾਜ਼ਤੀ ਕਦਮ

ਇਕ ਦਰਾਮਦਕਾਰ ਵਜੋਂ ਤੁਹਾਨੂੰ ਹੇਠ ਲਿਖੇ ਤਰੀਕਿਆਂ ਰਾਹੀਂ ਭੋਜਨ ਸੁਰੱਖਿਅਤ ਰੱਖਣਾ ਪੈਂਦਾ ਹੈ:

**ਆਪਣੇ ਭੋਜਨ ਬਾਰੇ ਜਾਣਕਾਰੀ ਰੱਖ ਕੇ** – ਤੁਹਾਨੂੰ ਪਲੀਤ ਹੋਣ ਦੇ ਸੰਭਾਵਤ ਜ਼ੋਖਮਾਂ ਦਾ ਪਤਾ ਹੋਣਾ ਚਾਹੀਦਾ ਹੈ ਅਤੇ ਦੱਸ ਸਕਦੇ ਹੋਵੋਂ ਕਿ ਤੁਹਾਡੇ ਵੱਲੋਂ ਦਰਾਮਦ ਕੀਤੇ ਜਾਣ ਵਾਲੇ ਭੋਜਨ ਨੂੰ ਪੇਸ਼ ਜੈਵਿਕ, ਰਸਾਇਣਿਕ ਜਾਂ ਭੌਤਿਕ ਜ਼ੋਖਮ ਕੀ ਹਨ।

**ਆਪਣੇ ਸਪਲਾਇਰ ਬਾਰੇ ਜਾਣ ਕੇ** – ਯਕੀਨੀ ਬਣਾਉ ਕਿ ਤੁਹਾਡਾ ਵਿਦੇਸ਼ੀ ਸਪਲਾਇਰ ਵੀ ਘਰੇਲੂ ਸਪਲਾਇਰਾਂ ਵਾਲ਼ੇ ਸੁਰੱਖਿਆ ਮਾਣਕਾਂ ਦੇ ਪੱਧਰਾਂ ਤਹਿਤ ਹੀ ਭੋਜਨ ਤਿਆਰ ਕਰੇ, ਸੰਭਾਲੇ ਅਤੇ ਇਸ ਦੀ ਢੋਆ-ਢੁਆਈ ਕਰੇ।

ਇਸ ਦੇ ਨਾਲ, ਤੁਹਾਡੇ 'ਤੇ ਹੇਠ ਲਿਖੇ ਤਰੀਕਿਆਂ ਨਾਲ ਭੋਜਨ ਸੁਰੱਖਿਅਤ ਰੱਖਣ ਦੀ ਸ਼ਰਤ ਲਾਗੂ ਹੋ ਸਕਦੀ ਹੈ:

**ਹਿਫਾਜ਼ਤੀ ਕਦਮਾਂ ਦੀ ਇਕ ਯੋਜਨਾ (ਪੀ.ਸੀ.ਪੀ.) [preventive control plan (PCP)]** ਲਿਖਣਾ – ਲਿਖਕੇ ਬਾਕਾਇਦਗੀ ਨਾਲ ਇਹ ਪੜ੍ਹਚੋਲਣਾ ਯਕੀਨੀ ਬਣਾਉ ਕਿ:

- ਤੁਸੀਂ ਇਹ ਨਿਗਾਹ ਕਿਵੇਂ ਰੱਖੋਗੇ ਅਤੇ ਪੱਕਾ ਕਰੋਂਗੇ ਕਿ ਤੁਹਾਡੀ ਦਰਾਮਦਕਾਰੀ ਦੀ ਪ੍ਰਣਾਲੀ ਸਹੀ ਚੱਲ ਰਹੀ ਹੈ
- ਤੁਹਾਡੇ ਵੱਲੋਂ ਦਰਾਮਦ ਕੀਤਾ ਜਾਣ ਵਾਲ਼ਾ ਭੋਜਨ ਸੁਰੱਖਿਆ, ਦਰਜੇਬੰਦੀ, ਮਾਣਕਾਂ, ਲੇਬਲ ਕੀਤੇ ਜਾਣ ਅਤੇ ਖਾਲਸ ਮਿਕਦਾਰ ਨੂੰ ਕਿਵੇਂ ਯਕੀਨੀ ਬਣਾਉਂਦਾ ਹੈ
- ਕਿ ਤੁਹਾਡੇ ਕੋਲ ਸ਼ਿਕਾਇਤਾਂ ਦੇ ਨਿਪਟਾਰੇ ਅਤੇ ਭੋਜਨ ਮੁੜ ਵਾਪਸ ਮੰਗਵਾਉਣ ਲਈ ਜ਼ਾਬਤੇ ਮੌਜੂਦ ਹਨ

ਹਿਫਾਜ਼ਤੀ ਕਦਮਾਂ ਦੀ ਇੱਕ ਲਿਖਤੀ ਯੋਜਨਾਂ ਦੱਸਦੀ ਹੈ ਕਿ ਤੁਸੀਂ ਆਪਣੇ ਵੱਲੋਂ ਦਰਾਮਦ ਕੀਤੇ ਗਏ ਭੋਜਨ ਨਾਲ ਸੰਬੰਧਤ ਜ਼ੋਖਮ ਸਮਝਦੇ ਹੋ। ਇਸ ਵਿੱਚ ਤੁਹਾਡੇ ਵੱਲੋਂ ਦਰਾਮਦ ਕੀਤੇ ਜਾਣ ਵਾਲ਼ੇ ਭੋਜਨ 'ਤੇ ਲਾਗੂ ਹਿਫਾਜ਼ਤੀ ਕਦਮਾਂ ਅਤੇ ਉਨ੍ਹਾਂ ਕਦਮਾਂ ਦਾ ਵੇਰਵਾ ਹੁੰਦਾ ਹੈ ਜਿਹੜੇ ਤੁਸੀਂ ਅਤੇ ਭੋਜਨ ਤਿਆਰ ਕਰਨ ਵਾਲ਼ਾ ਵਿਦੇਸ਼ੀਂ ਕਾਰੋਬਾਰ ਇਨ੍ਹਾਂ ਜ਼ੋਖਮਾਂ ਨੂੰ ਕਾਬੂ ਵਿੱਚ ਰੱਖਣ ਲਈ ਚੁੱਕਦੇ ਹੋ।

ਹਿਫਾਜ਼ਤੀ ਕਦਮਾਂ ਦੀ ਯੋਜਨਾ ਦਾ ਸਜੀਵ ਸਾਧਨ ਵਰਤਦਿਆਂ ਪਤਾ ਲਾਉ ਕਿ ਜੇ ਤੁਹਾਨੂੰ ਹਿਫਾਜ਼ਤੀ ਕਦਮਾਂ ਦੀ ਯੋਜਨਾ ਦੀ ਲੋੜ ਪਈ ਤਾਂ ਕਦੋਂ ਪਵੇਗੀ। ਇਸ ਨੂੰ ਸਿਰਫ 5 ਮਿੰਟ ਲੱਗਣਗੇ।

### 3. ਸ੍ਰੋਤ ਪਤਾ ਲਾਉਣ ਦੀ ਕਾਬਲੀਅਤ

ਐੱਸ.ਐੱਫ.ਸੀ.ਆਰ. ਤਹਿਤ ਤੁਹਾਨੂੰ ਇਸ ਬਾਰੇ ਸਪਸ਼ਟ ਰਿਕਾਰਡ ਰੱਖਣੇ ਪੈਂਦੇ ਹਨ ਕਿ ਤੁਸੀਂ ਭੋਜਨ ਕਿੱਥੋਂ ਮੰਗਵਾਇਆ ਅਤੇ ਅੱਗੋਂ ਕਿਸ ਨੂੰ ਦਿੱਤਾ ਹੈ। ਇਸ ਨਾਲ ਲੋੜ ਪੈਣ 'ਤੇ ਭੋਜਨ ਵਾਪਸ ਮੰਗਵਾਏ ਜਾਣ ਦੀ ਸੂਰਤ ਵਿੱਚ ਲੱਗਦੇ ਸਮੇਂ ਵਿੱਚ ਚੋਖੀ ਕਮੀ ਆਉਂਦੀ ਹੈ।

ਸ੍ਰੋਤ ਪਤਾ ਲਾਉਣ ਦੀ ਯੋਗਤਾ ਦਾ ਸਜੀਵ ਸਾਧਨ ਵਰਤਦਿਆਂ ਪਤਾ ਲਾਉ ਕਿ ਤੁਹਾਡੇ 'ਤੇ ਸ੍ਰੋਤ ਪਤਾ ਲਾਉਣ ਦੀਆਂ ਕਿਹੜੀਆਂ ਸ਼ਰਤਾਂ ਲਾਗੂ ਹੁੰਦੀਆਂ ਹਨ। ਇਸ ਨੂੰ ਸਿਰਫ 5 ਮਿੰਟ ਲੱਗਣਗੇ।

## ਇਹ ਅਹਿਮ ਕਿਉਂ ਹੈ

ਸਾਰੇ ਦਰਾਮਦ ਕੀਤੇ ਭੋਜਨ ਨੂੰ ਹੁਣ ਕਨੇਡਾ ਦੀਆਂ ਦਰਾਮਦਕਾਰੀਆਂ ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ। ਪਹਿਲਾਂ, ਸਿਰਫ ਕੁੱਝ ਭੋਜਨਾਂ ਦੇ ਦਰਾਮਦਕਾਰਾਂ ਨੂੰ ਹੀ ਲਸੰਸ ਲੈਣਾ ਪੈਂਦਾ ਅਤੇ ਭੋਜਨ ਸੁਰੱਖਿਆ ਦੇ ਹਿਫਾਜ਼ਤੀ ਕਦਮ ਲਾਗੂ ਕਰਨੇ ਪੈਂਦੇ ਸਨ। ਐੱਸ.ਐੱਫ.ਸੀ.ਆਰ. ਹਰ ਤਰ੍ਹਾਂ ਦੇ ਦਰਾਮਦ ਕੀਤੇ ਭੋਜਨਾਂ ਬਾਰੇ ਇਕਸਾਰ ਰਵੱਈਆ ਅਪਣਾਉਂਦਾ ਹੈ।

ਵਧੇਰੇ ਜਾਣਕਾਰੀ ਲਈ www.inspection.gc.ca/safefood ਅਤੇ ਹੇਠ ਲਿਖਿਆਂ ਸਮੇਤ ਸਾਧਨ ਵੇਖੋ।

- ਵਿਡੀਓ: ਕਨੇਡਾ-ਵਾਸੀਆਂ ਲਈ ਸੁਰੱਖਿਅਤ ਭੋਜਨ ਸੰਬੰਧੀ ਨਿਯਮਾਂ ਵਾਸਤੇ ਤਿਆਰੀ ਖਿੱਚਣਾ
- ਵਿਡੀਓ: ਐੱਸ.ਐੱਫ.ਸੀ.ਆਰ. ਭੋਜਨ ਦਰਾਮਦ ਕਰਨਾ
- ਐੱਸ.ਐੱਫ.ਸੀ.ਆਰ. ਨੂੰ ਸਮਝਣਾ: ਭੋਜਨ ਕਾਰੋਬਾਰਾਂ ਲਈ ਇੱਕ ਪੁਸਤਕ
- ਪੀ.ਸੀ.ਪੀ. ਤਿਆਰ ਕਰਨ ਲਈ ਇੱਕ ਸੇਧ ਪਸਤਕ –ਦਰਾਮਦਕਰਤਾਵਾਂ ਲਈ
- ਇੰਫੋਗ੍ਰਾਫਿਕ: ਦਰਾਮਦਕਰਤਾਵਾਂ ਲਈ 3 ਮੱਖ ਸਿਧਾਂਤ
- ਆਟੋਮੇਟਿਡ ਇੰਪੋਰਟ ਰੈਫਰੈਂਸ ਸਿਸਟਮ (ਏ.ਆਈ.ਆਰ.ਐੱਸ.)
- ਭੋਜਨ ਦਰਾਮਦ ਕਰਨਾ: ਇਕ ਕਦਮਵਾਰ ਸੇਧ ਪੁਸਤਕ
- ਸ਼ੁਰੂਆਤ ਕਰਨਾ: ਕਾਰੋਬਾਰਾਂ ਲਈ ਸਾਧਨਾਂ ਦੀ ਇੱਕ ਕਿੱਟ